# Medroxyprogesterone (Depo-Provera®) Treatment
## Medroxyprogesterone (ਮੈਡਰੌਕਸੀਪ੍ਰੋਜੈਸਟੇਰੋਨ – Depo-Provera®) ਰਾਹੀਂ ਕੀਤਾ ਜਾਣ ਵਾਲਾ ਇਲਾਜ

Medroxyprogesterone (ਮੈਡਰੌਕਸੀਪ੍ਰੋਜੈਸਟੇਰੋਨ – Depo-Provera®) ਪ੍ਰੋਜੈਸਟੇਰੋਨ ਦੀ ਇੱਕ ਕਿਸਮ ਹੈ ਜਿਹੜਾ ਕਿ ਪੱਠੇ ਵਿੱਚ ਟੀਕਾ ਲਗਾ ਕੇ ਦਿੱਤਾ ਜਾਂਦਾ ਹੈ ਅਤੇ ਇਸ ਦੀ ਵਰਤੋਂ ਗਰਭ ਦੀ ਰੋਕਥਾਮ ਲਈ ਕੀਤੀ ਜਾਂਦੀ ਹੈ।

**Allergies**
**ਐਲਰਜੀਆਂ**

- ਜੇ ਤੁਹਾਨੂੰ Provera® ਜਾਂ medroxyprogesterone acetate (ਆਮ ਕਿਸਮਾਂ) ਤੋਂ ਐਲਰਜੀ ਹੈ ਤਾਂ ਤੁਹਾਨੂੰ ਸਿਹਤ ਸੰਭਾਲ ਪ੍ਰਦਾਨ ਕਰ ਰਹੇ ਕਰਮਚਾਰੀ ਨੂੰ ਦੱਸੋ।

**Pregnancy/Breastfeeding**
**ਗਰਭ ਅਵਸਥਾ/ ਬੱਚੇ ਨੂੰ ਆਪਣਾ ਦੁੱਧ ਪਿਲਾਉਣਾ**

- ਗਰਭ ਅਵਸਥਾ ਦੌਰਾਨ Medroxyprogesterone ਦੀ ਵਰਤੋਂ ਨਹੀਂ ਕਰਨੀ ਚਾਹੀਦੀ
- ਹੋ ਸਕਦਾ ਹੈ ਕਿ ਬੱਚੇ ਨੂੰ ਆਪਣਾ ਦੁੱਧ ਪਿਲਾਉਣ ਦੇ ਨਾਲ-ਨਾਲ Medroxyprogesterone ਦੀ ਵਰਤੋਂ ਕੀਤੀ ਜਾ ਸਕੇ
- ਆਪਣੀ ਪਹਿਲੀ ਖ਼ੁਰਾਕ ਲੈਣ ਤੋਂ ਪਹਿਲਾਂ ਇਹ ਯਕੀਨੀ ਬਣਾਓ ਕਿ ਤੁਸੀਂ ਗਰਭਵਤੀ ਨਹੀਂ ਹੋ
- ਇਸ ਦੀ ਸ਼ੁਰੂਆਤ ਆਮ ਮਾਹਵਾਰੀ ਚੱਕਰ ਦੇ ਪਹਿਲੇ 5 ਦਿਨਾਂ ਵਿੱਚ, ਬੱਚੇ ਨੂੰ ਆਪਣਾ ਦੁੱਧ ਪਿਲਾਉਣ ਵਾਲੀਆਂ ਔਰਤਾਂ ਵਿੱਚ ਜਣੇਪੇ ਪਿੱਛੋਂ 6 ਹਫ਼ਤਿਆਂ ਬਾਅਦ ਜਾਂ ਆਪਣਾ ਦੁੱਧ ਨਾ ਪਿਲਾਉਣ ਵਾਲੀਆਂ ਔਰਤਾਂ ਵਿੱਚ 5 ਦਿਨਾਂ ਦੇ ਅੰਦਰ-ਅੰਦਰ ਕਰੋ।

**CAUTION**
**ਸਾਵਧਾਨ**

- **ਤੁਸੀਂ Depo-Provera® ਨਾਲ ਹੇਠ ਲਿਖੀਆਂ ਦਵਾਈਆਂ ਨਹੀਂ ਲੈ ਸਕਦੇ:**
  - Aminoglutethimide (ਅਮੀਨੋਗਲੂਟੈਥੇਮਾਇਨ – Cytadren®)
- ਲੰਮੇ ਸਮੇਂ ਲਈ ਗਰਭ ਨਿਰੋਧਕ ਵਜੋਂ ਵਰਤੋਂ (2 ਸਾਲ ਤੋਂ ਵੱਧ ਸਮੇਂ ਲਈ) ਕਰਨ ਨਾਲ ਥੈਰੇਪੀ ਦੀ ਵਧਦੀ ਮਿਆਦ ਕਾਰਣ ਹੱਡੀਆਂ ਵਿੱਚ ਖਣਿਜ ਪਦਾਰਥਾਂ ਦੀ ਘਣਤਾ (ਬੀ.ਐੱਮ.ਡੀ.) ਵਿੱਚ ਘਾਟ ਹੋ ਸਕਦੀ ਹੈ। ਹੱਡੀਆਂ ਵਿੱਚ ਖਣਿਜ ਪਦਾਰਥਾਂ ਦੀ ਘਣਤਾ ਦਾ ਮੁਲਾਂਕਣ ਸਮੇਂ-ਸਮੇਂ 'ਤੇ ਕਰੋ ਅਤੇ ਇਹ ਯਕੀਨੀ ਬਣਾਓ ਕਿ ਤੁਸੀਂ ਕੈਲਸੀਅਮ ਅਤੇ ਵਿਟਾਮਿਨ D (ਡੀ) ਲੋੜੀਂਦੀ ਮਿਕਦਾਰ ਵਿੱਚ ਲੈ ਰਹੇ ਹੋ।
- ਦਿਲ ਦੇ ਦੌਰੇ ਦੇ ਵਧੇ ਹੋਏ ਖ਼ਤਰੇ ਕਾਰਣ ਸਿਗਰੇਟ ਪੀਣ ਤੋਂ ਪਰਹੇਜ਼ ਕਰੋ।
- **ਜੇ ਤੁਸੀਂ Rifampin (ਰਾਇਫ਼ੈਮਪਿਨ – Rifadin®) ਲੈ ਰਹੇ ਹੋ ਤਾਂ ਆਪਣੇ ਡਾਕਟਰ ਨੂੰ ਦੱਸੋ।**

**Side Effects**
**ਮਾੜੇ ਪ੍ਰਭਾਵ**

- ਤੁਹਾਨੂੰ ਮਾਹਵਾਰੀ ਵਿੱਚ ਬੇਕਾਇਦਗੀ (ਮਾਹਵਾਰੀ ਨਾ ਆਉਣੀ, ਕਦੇ-ਕਦੇ ਖ਼ੂਨ ਵਗਣਾ), ਢਿੱਡ ਪੀੜ, ਭਾਰ ਵਿੱਚ ਤਬਦੀਲੀਆਂ, ਚੱਕਰ ਆਉਣੇ, ਸਿਰ ਦਰਦ, ਛਾਤੀ ਨੂੰ ਥੋੜ੍ਹੇ ਜਿਹੇ ਸਪਰਸ਼ ਕਾਰਣ ਵੀ ਬੇਅਰਾਮੀ ਜਾਂ ਘਬਰਾਹਟ ਦਾ ਅਨੁਭਵ ਹੋ ਸਕਦਾ ਹੈ।

**Care of Yourself Following Treatment**
**ਟ੍ਰੀਟਮੈਂਟ ਤੋਂ ਬਾਅਦ ਆਪਣਾ ਖ਼ਿਆਲ ਰੱਖਣਾ**

- ਟ੍ਰੀਟਮੈਂਟ ਤੋਂ ਬਾਅਦ 15 ਮਿੰਟ ਕਲੀਨਿਕ ਵਿੱਚ ਹੀ ਇੰਤਜ਼ਾਰ ਕਰੋ।
- ਟ੍ਰੀਟਮੈਂਟ ਤੋਂ ਬਾਅਦ ਜੇ ਤੁਹਾਨੂੰ ਕਈ ਵੀ ਪ੍ਰਤੀਕਰਮ ਹੁੰਦਾ ਹੈ (ਉਦਾਹਰਣ ਵਜੋਂ: ਧੱਫੜ, ਖਾਰਸ਼, ਸਾਹ ਲੈਣ ਵਿੱਚ ਮੁਸ਼ਕਲ) ਤਾਂ ਕਿਰਪਾ ਕਰਕੇ ਸਟਾਫ਼ ਦੇ ਕਿਸੇ ਮੈਂਬਰ ਨੂੰ ਤੁਰੰਤ ਦੱਸੋ।
- ਜੇ ਇਹ ਲੱਛਣ ਕਲੀਨਿਕ ਤੋਂ ਜਾਣ ਤੋਂ ਬਾਅਦ ਸਾਮ੍ਹਣੇ ਆਉਣ ਤਾਂ ਕਿਰਪਾ ਕਰਕੇ ਤੁਰੰਤ ਐਮਰਜੰਸੀ ਮੈਡੀਕਲ ਸਹਾਇਤਾ ਲਓ।

**Storage Instructions**
**ਰੱਖਣ ਸੰਬੰਧੀ ਹਿਦਾਇਤਾਂ**

- 15-30°C ਵਿਚਕਾਰ ਕਮਰੇ ਦੇ ਤਾਪਮਾਨ 'ਤੇ ਰੱਖੋ।
- ਰੋਸ਼ਨੀ, ਗਰਮੀ ਅਤੇ ਨਮੀ ਤੋਂ ਸੁਰੱਖਿਅਤ ਰੱਖੋ।
- ਮਿਆਦ ਖ਼ਤਮ ਹੋਣ ਦੀ ਪ੍ਰਿੰਟ ਕੀਤੀ ਹੋਈ ਤਾਰੀਖ਼ ਤੋਂ ਬਾਅਦ ਦਵਾਈਆਂ ਦੀ ਵਰਤੋਂ ਨਾ ਕਰੋ।
- ਬੱਚਿਆਂ ਦੀ ਪਹੁੰਚ ਤੋਂ ਦੂਰ ਰੱਖੋ।



BC Centre for Disease Control
STI/HIV Prevention and Control
655 West 12th Avenue
Vancouver, British Columbia
Canada V5Z 4R4

Tel 604 707-5600
Fax 604 707-5604
www.bccdc.ca
www.STDResource.com

*A research and teaching centre affiliated with UBC*

# Medroxyprogesterone (Depo-Provera®) Treatment (cont'd)

## Medroxyprogesterone (ਮੈਡਰੌਕਸੀਪ੍ਰੋਜੈਸਟੇਰੋਨ – Depo-Provera®) ਰਾਹੀਂ ਕੀਤਾ ਜਾਣ ਵਾਲਾ ਇਲਾਜ (ਚਲਦਾ)

### Special Instructions
### ਵਿਸ਼ੇਸ਼ ਹਿਦਾਇਤਾਂ

- ਜੇ ਤੁਸੀਂ ਹਾਰਮੋਨਲ ਕਿਸਮ ਦੇ ਕਿਸੇ ਗਰਭ ਨਿਰੋਧਕ (ਮੂੰਹ ਰਾਹੀਂ ਖਾਧੀਆਂ ਜਾਣ ਵਾਲੀਆਂ ਗੋਲ਼ੀਆਂ, ਰਿੰਗ ਜਾਂ ਪੈਚ) ਦੀ ਵਰਤੋਂ ਬੰਦ ਕਰਕੇ Medroxyprogesterone ਦੀ ਵਰਤੋਂ ਸ਼ੁਰੂ ਕਰਨ ਲੱਗੇ ਹੋ ਤਾਂ ਹਾਰਮੋਨਲ ਕਿਸਮ ਦੇ ਗਰਭ ਨਿਰੋਧਕ ਦੀ ਕਿਸੇ ਵੀ ਕਿਸਮ ਦੀ ਪਿਛਲੀ ਖ਼ੁਰਾਕ (ਮੂੰਹ ਰਾਹੀਂ ਖਾਧੀਆਂ ਜਾਣ ਵਾਲੀਆਂ ਗੋਲ਼ੀਆਂ, ਰਿੰਗ ਜਾਂ ਪੈਚ) ਤੋਂ 7 ਦਿਨ ਬਾਅਦ ਇਸ ਦੀ ਸ਼ੁਰੂਆਤ ਕਰੋ। ਇਹ ਜ਼ਰੂਰੀ ਹੈ ਕਿ ਹਰ ਟੀਕਾ ਪੂਰੇ 3 ਮਹੀਨਿਆਂ ਦੇ ਵਕਫ਼ੇ 'ਤੇ ਲਗਾਇਆ ਜਾਵੇ।
- Medroxyprogesterone ਐੱਚ.ਆਈ.ਵੀ. ਜਾਂ ਸੰਭੋਗ ਕਾਰਣ ਹੋਣ ਵਾਲੀਆਂ ਹੋਰ ਬਿਮਾਰੀਆਂ ਤੋਂ ਰੱਖਿਆ ਨਹੀਂ ਕਰਦਾ।
- ਜੇ ਮੁਢਲੀ ਖ਼ੁਰਾਕ ਆਮ ਮਾਹਵਾਰੀ ਚੱਕਰ ਦੇ ਪਹਿਲੇ 5 ਦਿਨਾਂ ਦੇ ਵਿੱਚ-ਵਿੱਚ ਦਿੱਤੀ ਜਾਂਦੀ ਹੈ ਤਾਂ ਇਸ ਦਾ ਅਸਰ ਉਸੇ ਦਿਨ ਤੋਂ ਸ਼ੁਰੂ ਹੋ ਜਾਂਦਾ ਹੈ ਜਿਸ ਦਿਨ ਟੀਕਾ ਲਗਾਇਆ ਗਿਆ ਸੀ। ਜੇ ਖ਼ੁਰਾਕ ਮਾਹਵਾਰੀ ਚੱਕਰ ਦੇ ਚਲਦਿਆਂ ਬਾਅਦ ਵਿੱਚ ਦਿੱਤੀ ਜਾਂਦੀ ਹੈ ਤਾਂ ਹੋ ਸਕਦਾ ਹੈ ਕਿ ਇਹ 3-4 ਹਫ਼ਤਿਆਂ ਲਈ ਅਸਰਦਾਰ ਨਾ ਹੋਵੇ। ਆਪਣਾ ਮੌਜੂਦਾ ਮਾਹਵਾਰੀ ਚੱਕਰ ਖ਼ਤਮ ਹੋਣ ਤਕ ਗਰਭ ਨਿਰੋਧਨ ਲਈ ਕਿਸੇ ਹੋਰ ਗ਼ੈਰ-ਹਾਰਮੋਨਲ ਤਰੀਕੇ (ਕੰਡੋਮ, ਡਾਇਆਫ਼ਰੈਗਮ) ਦਾ ਇਸਤੇਮਾਲ ਵੀ ਕਰੋ।

ਜੇ ਤੁਹਾਡੇ ਕੋਈ ਹੋਰ ਸਵਾਲ ਹਨ ਜਾਂ ਜੇ ਤੁਹਾਨੂੰ ਹੋਰ ਜਾਣਕਾਰੀ ਚਾਹੀਦੀ ਹੈ ਤਾਂ ਕਿਰਪਾ ਕਰਕੇ ਆਪਣੇ ਡਾਕਟਰ ਜਾਂ ਸਥਾਨਕ ਹੈਲਥ ਯੂਨਿਟ ਨਾਲ ਸੰਪਰਕ ਕਰੋ ਜਾਂ ਹੇਠ ਲਿਖੀ ਸੰਪਰਕ ਜਾਣਕਾਰੀ ਦੇਖੋ।



BC Centre for Disease Control
STI/HIV Prevention and Control
655 West 12th Avenue
Vancouver, British Columbia
Canada V5Z 4R4

Tel 604 707-5600
Fax 604 707-5604
www.bccdc.ca
www.STDResource.com

*A research and teaching centre affiliated with UBC*